THE LEGAL AID SOCIETY
Justice in Every Borough.

# ਸਹਾਇਤਾ ਧਨ ਦਾ ਤੀਸਰਾ ਚਰਨ: ਰਿਕਵਰੀ ਰੀਫੰਡ ਮਾਰਚ 2021 ਵਿੱਚ ਸ਼ੁਰੂ ਹੋ ਰਹੇ ਹਨ

**ਚਿਤਾਵਨੀ: ਇਹ ਸਲਾਹ ਲੀਗਲ ਏਡ ਸੋਸਾਇਟੀ ਵੱਲੋਂ ਬਣਾਈ ਗਈ ਹੈ। ਇਹ ਸਲਾਹ ਕਨੂੰਨੀ ਸਲਾਹ ਨਹੀਂ ਹੈ ਅਤੇ ਇਹ ਇਮੀਗ੍ਰੇਸ਼ਨ, ਕਰ ਅਤੇ/ਜਾਂ ਫਾਇਦਿਆਂ ਦੇ ਮਾਹਰ ਦੀ ਸਲਾਹ ਦੇ ਤੌਰ 'ਤੇ ਨਹੀਂ ਵਰਤੀ ਜਾ ਸਕਦੀ। ਇਸ ਦਸਤਾਵੇਜ਼ ਵਿੱਚ ਸ਼ਾਮਲ ਜਾਣਕਾਰੀ ਇਸ ਦਸਤਾਵੇਜ਼ ਦੇ ਹੇਠਾਂ ਦਿੱਤੀ ਗਈ ਸੰਸਕਰਨ ਮਿਤੀ ਨੂੰ ਨਵੀਨਤਮ ਹੈ, ਅਤੇ ਇਹ ਬਦਲਾਅ ਦੇ ਅਧੀਨ ਹੋ ਸਕਦੀ ਹੈ।**

### 2021 ਦੀ ਅਮਰੀਕੀ ਬਚਾਅ ਯੋਜਨਾ ਕੀ ਹੈ?

2021 ਦੀ ਅਮਰੀਕੀ ਬਚਾਅ ਯੋਜਨਾ ਲਗਭਗ $1.9 ਟ੍ਰਿਲਿਅਨ ਡਾਲਰ ਦਾ ਸੰਘੀ ਬਿਲ ਹੈ ਜਿਸ ਉੱਤੇ ਰਾਸ਼ਟਰਪਤੀ ਬਿਡਨ ਨੇ 11 ਮਾਰਚ, 2021 'ਤੇ ਦਸਖਤ ਕਰਕੇ ਇਸਨੂੰ ਕਨੂੰਨ ਬਣਾਇਆ। ਇਸ ਵਿੱਚ ਹੇਠਲਿਆਂ ਸਮੇਤ ਕੋਵਿਡ-19 ਮਹਾਮਾਰੀ ਦਾ ਜਵਾਬ ਦੇਣ ਲਈ ਕਈ ਪ੍ਰਾਵਧਾਨ ਸ਼ਾਮਲ ਹਨ:

- ਰਿਕਵਰੀ ਰੀਫੰਡਾਂ ਦੇ ਰਾਹੀਂ ਵਿਅਕਤੀਆਂ ਦੇ ਲਈ ਧਨ,
- ਬਿਹਤਰੀਨ ਰੁਜ਼ਗਾਰ ਬੀਮਾ ਫਾਇਦੇ, ਅਤੇ
- ਕੁਝ ਸੰਘੀ ਕਰ ਕ੍ਰੈਡਿਟਾਂ ਵਿੱਚ ਬਦਲਾਅ।

ਨੋਟ ਕਰੋ: ਇੱਕ ਆਰਥਿਕ ਅਸਰ ਭੁਗਤਾਨ (EIP) ਰਿਕਵਰੀ ਰੀਫੰਡ ਕ੍ਰੈਡਿਟ (RRC) ਦਾ ਐਡਵਾਂਸ ਭੁਗਤਾਨ ਹੈ। ਇਸ ਲਈ, ਤੁਸੀਂ ਦੇਖੋਗੇ ਕਿ ਤੁਹਾਡੀ 2020 ਦੀ ਕਰ ਵਾਪਸੀ 'ਤੇ EIP ਨੂੰ RRC ਕਿਹਾ ਗਿਆ ਹੈ।

### ਰਿਕਵਰੀ ਰੀਫੰਡ ਕੀ ਹੈ?

ਹੋਰਾਂ ਚੀਜ਼ਾਂ ਦੇ ਸਮੇਤ, ਅਮਰੀਕੀ ਬਚਾਅ ਯੋਜਨਾ ਰਿਕਵਰੀ ਰੀਫੰਡ ਮੁਹੱਈਆ ਕਰਦੀ ਹੈ, ਜੋ ਕਿ ਕੋਵਿਡ-19 ਮਹਾਮਾਰੀ ਦੇ ਦੌਰਾਨ ਸੰਘੀ ਸਰਕਾਰ ਦੇ ਵੱਲੋਂ ਭੁਗਤਾਨਾਂ ਦਾ ਤੀਸਰਾ ਚਰਨ ਹੈ। ਇਹ ਉਹਨਾਂ ਵਿਅਕਤੀਆਂ ਨੂੰ ਜਾਂਦਾ ਹੈ, ਜਿੰਨ੍ਹਾਂ ਨੇ $80,000 ਤੋਂ ਘੱਟ ਕਮਾਏ ਹਨ; ਉਹਨਾਂ ਸ਼ਾਦੀਸ਼ੁਦਾ ਜੋੜਿਆਂ ਨੂੰ ਜਿੰਨ੍ਹਾਂ ਨੇ $160,000 ਤੋਂ ਘੱਟ ਕਮਾਏ ਹਨ; ਅਤੇ ਕਰ ਦੇਣ ਵਾਲੇ ਪਰਿਵਾਰਾਂ ਦੇ ਮੁਖੀਆਂ ਨੂੰ ਜਾਂਦਾ ਹੈ, ਜਿੰਨ੍ਹਾਂ ਨੇ $120,000 ਤੋਂ ਘੱਟ ਕਮਾਏ ਹਨ। ਇਹ ਰਕਮਾਂ 2020 ਕਰ ਸਾਲ ਦੀਆਂ ਹਨ, ਅਤੇ ਇਹ ਤੁਹਾਡੇ ਕਰਾਂ ਦੇ ਉੱਤੇ ਐਡਜਸਟ ਕੀਤੀ ਕੁੱਲ ਆਮਦਨੀ 'ਤੇ ਅਧਾਰਤ ਹਨ। ਜੇਕਰ ਤੁਸੀਂ ਪਹਿਲਾਂ ਦੀ ਆਪਣੇ 2020 ਦੇ ਕਰਾਂ ਨੂੰ ਫਾਈਲ ਨਹੀਂ ਕੀਤਾ ਹੈ, ਤਾਂ ਅੰਦਰੂਨੀ ਕਰ ਸੇਵਾ (IRS) ਤੁਹਾਡੀ 2019 ਦੀ ਕਰ ਵਾਪਸੀ ਰਕਮ ਦੀ ਵਰਤੋਂ ਕਰੇਗੀ।

### ਰਿਕਵਰੀ ਰੀਫੰਡ ਕਿੰਨਾ ਹੈ?

ਰਿਕਵਰੀ ਰੀਫੰਡ ਹਰੇਕ ਯੋਗ ਵਿਅਕਤੀ ਦੇ ਲਈ $1,400 ਹੈ ਅਤੇ ਹਰੇਕ ਯੋਗ ਨਿਰਭਰ ਵਿਅਕਤੀ ਦੇ ਲਈ $1,400 ਹੈ।

### ਰਿਕਵਰੀ ਰੀਫੰਡ ਦੇ ਪਾਤਰ ਕੌਣ (ਅਤੇ ਕੌਣ ਨਹੀਂ) ਹੈ?

CARES ਕਨੂੰਨ (ਜਿਸ ਨੇ ਮਾਰਚ 2020 ਵਿੱਚ ਸ਼ੁਰੂ ਹੁੰਦੇ ਹੋਏ ਭੁਗਤਾਨਾਂ ਦਾ ਪਹਿਲਾ ਚਰਨ ਮੁਹੱਈਆ ਕਰਵਾਇਆ) ਅਤੇ ਸੰਗਠਿਤ ਨਿਰਧਾਰਨ ਕਨੂੰਨ 2021 (ਜਿਸਨੇ ਦਿਸੰਬਰ 2020 ਵਿੱਚ ਸ਼ੁਰੂ ਹੁੰਦੇ ਹੋਏ ਭੁਗਤਾਨਾਂ ਦਾ ਦੂਸਰਾ ਚਰਨ ਮੁਹੱਈਆ ਕਰਵਾਇਆ) ਦੇ ਅਧੀਨ ਪਿਛਲੇ ਸਾਲ ਦੇ ਸਹਾਇਤਾ ਭੁਗਤਾਨਾਂ ਵਿੱਚ ਕੁਝ ਬਦਲਾਅ ਕੀਤੇ ਗਏ ਹਨ। ਵਰਤਮਾਨ ਰਿਕਵਰੀ ਰੀਫੰਡ ਦੇ ਲਈ ਪਾਤਰ ਹੋਣ ਦੇ ਲਈ, ਤੁਸੀਂ ਇੱਕ ਬਾਲਗ ਹੋਣੇ

ਚਾਹੀਦੇ ਹੋ ਜਿਸ ਕੋਲ ਸਮਾਜਿਕ ਸੁਰੱਖਿਆ ਨੰਬਰ (SSN) ਹੈ ਜੋ ਕਿ ਵਰਤਮਾਨ ਤੌਰ ‘ਤੇ ਰੁਜ਼ਗਾਰ ਦੇ ਲਈ ਯੋਗ ਹੈ, ਅਤੇ ਤੁਸੀਂ ਕਿਸੇ ਹੋਰ ਦੇ ਕਰਾਂ ‘ਤੇ ਨਿਰਭਰ ਵਿਅਕਤੀ ਦੇ ਤੌਰ ‘ਤੇ ਕਲੇਮ ਨਹੀਂ ਕੀਤੇ ਗਏ ਹੋਣੇ ਚਾਹੀਦੇ।

ਜੇਕਰ ਤੁਹਾਡੇ ਕੋਲ ਕੇਵਲ ਵਿਅਕਤੀਗਤ ਕਰਦਾਤਾ ਪਛਾਣ ਨੰਬਰ (ITIN) ਹੈ, ਤਾਂ ਤੁਸੀਂ ਓਦੋਂ ਤੱਕ **ਪਾਤਰ ਨਹੀਂ ਹੋ**, ਜਦ ਤੱਕ ਤੁਹਾਡੇ ਪਤੀ/ਪਤਨੀ ਦੇ ਕੋਲ SSN ਨਹੀਂ ਹੈ ਅਤੇ ਉਹ ਉਸ ਕਰ ਸਾਲ ਦੇ ਦੌਰਾਨ ਕਿਸੇ ਵੀ ਸਮੇਂ ਅਮਰੀਕੀ ਆਰਮਡ ਫੋਰਸੇਜ਼ ਦਾ/ਦੀ ਸਦੱਸ ਨਹੀਂ ਸੀ, ਜਿਸ ਦੌਰਾਨ ਤੁਸੀਂ ਇੱਕ ਕਰ ਵਾਪਸੀ ਫਾਈਲ ਕੀਤੀ ਹੈ ਜਿਸ ਦੇ ਨਾਲ ਤੁਸੀਂ ਰਿਕਵਰੀ ਰੀਫੰਡ ਦੇ ਲਈ ਯੋਗ ਹੁੰਦੇ ਹੋ

ਜੇਕਰ ਤੁਹਾਡੇ ਬੱਚੇ ਦੇ ਕੋਲ SSN ਜਾਂ ਅਡੋਪਸ਼ਨ ਕਰਦਾਤਾ ਪਛਾਣ ਨੰਬਰ (ATIN) ਹੈ, ਤਾਂ ਉਹ **ਪਾਤਰ** ਹਨ, ਜੇਕਰ ਉਹਨਾਂ ਕੋਲ SSN ਹੈ।

ਜੇਕਰ ਤੁਹਾਡੇ ਕੋਲ SSN ਹੈ ਅਤੇ ਤੁਸੀਂ ਮਿਸ਼ਰਤ ਇਮੀਗ੍ਰੇਸ਼ਨ ਸਟੇਟਸ ਪਰਿਵਾਰ ਦੇ ਸਦੱਸ ਹੋ ਤਾਂ SSN ਜਾਂ ATIN ਵਾਲੇ ਪਰਿਵਾਰਕ ਸਦੱਸ ਰਿਕਵਰੀ ਰੀਫੰਡ ਨੂੰ ਪ੍ਰਾਪਤ ਕਰਨ ਦੇ ਲਈ **ਪਾਤਰ** ਹਨ, ਅਤੇ ITIN ਜਾਂ ਕਿਸੇ ਵੀ ਨੰਬਰ ਦੇ ਬਿਨਾਂ ਵਾਲੇ ਹੋਰ ਪਰਿਵਾਰਕ ਸਦੱਸ **ਪਾਤਰ ਨਹੀਂ** ਹਨ। (ਵਿਸ਼ੇਸ਼ ਸਥਿਤੀ: ਤੁਹਾਡੇ ਕੋਲ SSN ਹੈ ਅਤੇ ਤੁਸੀਂ ਉਸ ਕਰ ਸਾਲ ਦੇ ਦੌਰਾਨ ਕਿਸੇ ਵੀ ਸਮੇਂ ਅਮਰੀਕੀ ਆਰਮਡ ਫੋਰਸੇਜ਼ ਦੇ ਸਦੱਸ ਸੀ ਜਿਸ ਦੌਰਾਨ ਤੁਸੀਂ ਕਰ ਵਾਪਸੀ ਫਾਈਲ ਕੀਤੀ ਹੈ ਜਿਸ ਕਰਕੇ ਤੁਸੀਂ ਰਿਕਵਰੀ ਰੀਫੰਡ ਦੇ ਲਈ ਪਾਤਰ ਹੋਏ ਹੋ, ਤਾਂ ITIN ਵਾਲੇ ਤੁਹਾਡੇ ਸਾਥੀ **ਪਾਤਰ** ਹੋਣਗੇ।)

### ਮੈਨੂੰ ਕੀ ਕਰਨ ਦੀ ਲੋੜ ਹੈ?

**ਜੇਕਰ** ਤੁਸੀਂ ਹੇਠ ਲਿਖੇ ਕੰਮ ਕੀਤੇ ਹਨ, ਤਾਂ ਰਿਕਵਰੀ ਰੀਫੰਡ **ਆਪਣੇ ਆਪ** ਤੁਹਾਨੂੰ ਮਿਲ ਜਾਏਗਾ:

- 2020 ਦੇ ਲਈ ਕਰ ਵਾਪਸੀ ਫਾਈਲ ਕੀਤੀ ਹੈ,
- 2019 ਦੇ ਲਈ ਕਰ ਵਾਪਸੀ ਫਾਈਲ ਕੀਤੀ ਹੈ,
- 22 ਨਵੰਬਰ, 2020 ਤੋਂ ਪਹਿਲਾਂ 2020 ਸਹਾਇਤਾ ਭੁਗਤਾਨ ਦੇ ਲਈ ਨਾਨ-ਫਾਇਲਰਜ਼ ਦੀ ਵਰਤੋਂ ਕੀਤੀ ਹੈ,
- ਸਮਾਜਿਕ ਸੁਰੱਖਿਆ ਫਾਇਦੇ ਪ੍ਰਾਪਤ ਕੀਤੇ ਹਨ (ਸੇਵਾ ਨਿਵਿਰਤੀ, ਵਿਕਲਾਂਗਤਾ ਅਤੇ ਉੱਤਰਜੀਵੀਆਂ ਦੇ ਸਮੇਤ),
- ਪੂਰਕ ਸੁਰੱਖਿਆ ਆਮਦਨੀ (SSI) ਫਾਇਦੇ ਪ੍ਰਾਪਤ ਕੀਤੇ ਹਨ,
- ਰੇਲਰੋਡ ਸੇਵਾਨਿਵਿਰਤੀ ਫਾਇਦੇ ਪ੍ਰਾਪਤ ਕੀਤੇ ਹਨ, ਜਾਂ
- ਜੇਕਰ ਤੁਸੀਂ ਸਾਬਕਾ ਫੌਜੀ ਹੋ ਜਾਂ ਉਹਨਾਂ ਦੇ ਲਾਭਪਾਤਰ ਹੋ ਜੋ ਕਿ VA ਮੁਆਵਜ਼ਾ ਜਾਂ ਪੈਂਸ਼ਨ (C&P) ਫਾਇਦੇ ਪ੍ਰਾਪਤ ਕਰ ਰਹੇ ਹੋ।

ਨੋਟ ਕਰੋ: ਤੁਹਾਡੇ ਵੱਲੋਂ ਕਰ ਵਾਪਸੀ ਫਾਈਲ ਕਰਨ ਤੋਂ ਬਾਅਦ, ਤੁਸੀਂ ਸਵੈ-ਚਲਿਤ ਤੌਰ ‘ਤੇ ਰਿਕਵਰੀ ਰੀਫੰਡ ਦੇ ਲਈ ਪਾਤਰ ਹੋਵੋਗੇ, ਜੇਕਰ ਤੁਸੀਂ ਉੱਪਰ ਦੱਸੇ ਗਏ ਹੋਰ ਪਾਤਰਤਾ ਮਾਪਦੰਡ ਨੂੰ ਪੂਰਾ ਕਰਦੇ ਹੋ। ਭੁਗਤਾਨ ਉਹਨਾਂ ਲੋਕਾਂ ਦੇ ਲਈ ਵੀ ਸਵੈ-ਚਲਿਤ ਹਨ ਜਿੰਨ੍ਹਾਂ ਨੇ ਸਰਲੀਕ੍ਰਿਤ ਕਰ ਵਾਪਸੀ ਜਮ੍ਹਾਂ ਕਰਵਾਈ ਹੈ ਜਿਸ ਉੱਤੇ IRS ਵੱਲੋਂ ਪ੍ਰਕਿਰਿਆ ਕੀਤੀ ਗਈ ਹੈ।

### ਮੈਂ ਕਿਵੇਂ ਅਪਲਾਈ ਕਰਾਂ?

ਜੇਕਰ ਤੁਹਾਡੇ ਕੋਲ ਉਪਰੋਕਤ ਵਿੱਚ ਕੋਈ ਵੀ ਫਾਇਦੇ ਨਹੀਂ ਹਨ, ਤੁਸੀਂ ਘੱਟ ਆਮਦਨੀ ਜਾਂ ਆਮਦਨੀ ਨਾ ਹੋਣ ਦੇ ਕਰਕੇ 2019 ਵਿੱਚ ਕਰ ਫਾਈਲ ਨਹੀਂ ਕੀਤਾ ਹੈ, ਅਤੇ ਤੁਸੀਂ 22 ਨਵੰਬਰ, 2020 ਤੋਂ ਪਹਿਲਾਂ IRS.gov ਨਾਨ-ਫਾਇਲਰਜ਼ ਟੂਲ ਵਿੱਤ ਪੰਜੀਕ੍ਰਿਤ ਨਹੀਂ ਕੀਤਾ ਹੈ, ਤਾਂ ਤੁਹਾਨੂੰ ਹੁਣ ਸਵੈ-ਚਲਿਤ ਭੁਗਤਾਨ ਪ੍ਰਾਪਤ ਨਹੀਂ ਹੋਵੇਗਾ। ਇਸ ਦੀ ਬਜਾਏ, ਤੁਹਾਨੂੰ ਹੁਣ ਆਪਣੀ 2020 ਸੰਘੀ ਆਮਦਨੀ ਦੀ ਕਰ ਵਾਪਸੀ **ਫਾਈਲ** ਕਰਨੀ ਚਾਹੀਦੀ ਹੈ ਅਤੇ ਤੁਹਾਡੀ ਵਾਪਸੀ ਦੀ ਲਾਈਨ 30 ‘ਤੇ ਰਿਕਵਰੀ ਰੀਫੰਡ ਨੂੰ ਕਲੇਮ ਕਰਨਾ ਚਾਹੀਦਾ ਹੈ।

**ਜੇਕਰ ਮੇਰੇ ਬੱਚੇ ਹੋਣ ਤਾਂ ਕੀ ਹੋਵੇਗਾ?**

ਤੁਹਾਡੀ 2020 ਦੀ ਕਰ ਵਾਪਸੀ 'ਤੇ (ਜਾਂ ਤੁਹਾਡੀ 2019 ਦੀ ਕਰ ਵਾਪਸੀ 'ਤੇ, ਜੇਕਰ ਤੁਸੀਂ ਹਾਲੇ 2020 ਦੀ ਆਪਣੀ ਕਰ ਵਾਪਸੀ ਫਾਈਲ ਨਹੀਂ ਕੀਤੀ ਹੈ) ਇੱਕ ਨਿਰਭਰ ਦੇ ਤੌਰ 'ਤੇ ਸੂਚੀਬੱਧ ਕਿਸੇ ਬੱਚੇ (ਉਮਰ ਜੋ ਵੀ ਹੋਵੇ) ਦੇ ਲਈ, ਤੁਸੀਂ $1,400 ਦੇ ਵਾਧੂ ਰਿਕਵਰੀ ਰੀਫੰਡ ਦੇ ਲਈ ਪਾਤਰ ਹੋ ਸਕਦੇ ਹੋ। ਬੱਚੇ ਨੂੰ ਲਾਜ਼ਮੀ ਤੌਰ 'ਤੇ ਕਿਸੇ ਹੋਰ ਦੇ ਕਰਾਂ 'ਤੇ ਨਿਰਭਰ ਵਿਅਕਤੀ ਦੇ ਤੌਰ 'ਤੇ ਕਲੇਮ ਨਹੀਂ ਕੀਤਾ ਗਿਆ ਹੋਣਾ ਚਾਹੀਦਾ, ਅਤੇ ਉਹਨਾਂ ਕੋਲ ਲਾਜ਼ਮੀ ਹੀ ਜਾਂ ਤਾਂ SSN ਜਾਂ ATIN ਹੋਣਾ ਚਾਹੀਦਾ ਹੈ।

**ਅਤੇ ਜੇਕਰ ਮੇਰੇ ਬੱਚੇ ਕਾਲੇਜ ਜਾਂਦੇ ਹਨ ਤਾਂ ਕੀ ਹੋਵੇਗਾ?**

ਜੇਕਰ ਤੁਹਾਡੇ ਬੱਚੇ ਕਾਲੇਜ ਜਾਂਦੇ ਹਨ ਅਤੇ ਤੁਸੀਂ ਉਹਨਾਂ ਨੂੰ ਨਿਰਭਰ ਵਿਅਕਤੀਆਂ ਦੇ ਤੌਰ 'ਤੇ ਕਲੇਮ ਕਰਦੇ ਹੋ, ਤਾਂ ਉਹ ਵੀ ਰਿਕਵਰੀ ਰੀਫੰਡ ਦੇ ਲਈ ਪਾਤਰ ਹਨ। ਭੁਗਤਾਨ ਤੁਹਾਨੂੰ ਮਿਲੇਗਾ, ਨਾ ਕਿ ਬੱਚਿਆਂ ਨੂੰ।

ਹਾਲ ਹੀ ਵਿੱਚ ਗ੍ਰੈਜੂਏਟ ਹੋਏ ਬੱਚੇ ਜੋ ਨਿਰਭਰ ਵਿਅਕਤੀਆਂ ਦੇ ਤੌਰ 'ਤੇ ਪਾਤਰ ਨਹੀਂ ਹਨ, ਆਪਣੀ ਕਰ ਵਾਪਸੀ 'ਤੇ ਰਿਕਵਰੀ ਰੀਫੰਡ ਨੂੰ ਕਲੇਮ ਕਰਨ ਲਈ ਪਾਤਰ ਹੋ ਸਕਦੇ ਹਨ।

**ਅਤੇ ਜੇਕਰ ਮੇਰੇ ਬੱਚੇ ਦਾ ਜਨਮ 2021 ਵਿੱਚ ਹੋਇਆ ਹੈ ਤਾਂ ਕੀ ਹੋਵੇਗਾ?**

ਜੇਕਰ ਬੱਚੇ ਦਾ ਜਨਮ 2021 ਵਿੱਚ ਹੋਇਆ ਹੈ, ਤਾਂ ਤੁਹਾਨੂੰ ਉਸ ਬੱਚੇ ਦੇ ਲਈ ਰਿਕਵਰੀ ਰੀਫੰਡ ਮਿਲੇਗਾ, ਜੇਕਰ ਤੁਸੀਂ ਆਮਦਨੀ ਪ੍ਰਤੀਬੰਧਾਂ ਨੂੰ ਪੂਰਾ ਕਰਦੇ ਹੋਏ।

**ਜੇਕਰ ਮੈਂ ਆਪਣੇ ਤੋਂ ਵੱਧ ਉਮਰ ਦੇ ਕਿਸੇ ਬਾਲਗ ਨੂੰ ਨਿਰਭਰ ਵਿਅਕਤੀ ਦੇ ਤੌਰ 'ਤੇ ਕਲੇਮ ਕਰਾਂ ਤਾਂ ਕੀ ਹੋਵੇਗਾ?**

ਨਿਰਭਰ ਵਿਅਕਤੀਆਂ ਦੇ ਤੌਰ 'ਤੇ ਕਲੇਮ ਕੀਤੇ ਜਾਣ 'ਤੇ, ਇਹ ਬਾਲਗ ਰਿਸ਼ਤੇਦਾਰ ਰਿਕਵਰੀ ਰੀਫੰਡ ਦੇ ਲਈ ਪਾਤਰ ਹਨ। ਭੁਗਤਾਨ ਤੁਹਾਨੂੰ ਮਿਲੇਗਾ, ਨਾ ਕਿ ਨਿਰਭਰ ਬਾਲਗ ਨੂੰ।

**ਜੇਕਰ ਮੈਂ ਮੇਰੀ 2020 ਦੀ ਆਮਦਨੀ ਦੇ ਅਧਾਰ 'ਤੇ ਰਿਕਵਰੀ ਰੀਫੰਡ ਦੇ ਲਈ ਹੁਣੇ-ਹੁਣੇ ਪਾਤਰ ਹੋਇਆ/ਹੋਈ ਹਾਂ, ਪਰ ਮੈਂ ਆਪਣੀ 2020 ਦੀ ਵਾਪਸੀ ਫਾਈਲ ਨਹੀਂ ਕੀਤੀ ਹੈ, ਤਾਂ ਕੀ ਹੋਵੇਗਾ?**

ਜਿੰਨੀ ਜਲਦੀ ਹੋ ਸਕੇ, ਆਪਣੇ 2020 ਦੇ ਕਰਾਂ ਨੂੰ ਫਾਈਲ ਕਰੋ, ਅਤੇ ਰਿਕਵਰੀ ਰੀਫੰਡ ਕ੍ਰੈਡਿਟ ਨੂੰ ਕਲੇਮ ਕਰੋ। IRS ਵੈੱਬਸਾਈਟ ਦੇ ਅਨੁਸਾਰ, ਤੁਸੀਂ ਅਸਲ ਵਿੱਚ ਕੇਵਲ ਮੌਜੂਦਾ ਭੁਗਤਾਨ ਦੇ ਲਈ ਹੀ ਨਹੀਂ, ਬਲਕਿ ਪਿਛਲੇ ਸਾਲ ਦੇ ਦੋ ਭੁਗਤਾਨਾਂ ਦੇ ਲਈ ਵੀ ਪਾਤਰ ਹੋ ਸਕਦੇ ਹੋ।

**ਮੈਨੂੰ ਕਿੰਨੀ ਰਕਮ ਮਿਲੇਗੀ?**

ਤੁਹਾਡੀ ਰਿਕਵਰੀ ਰੀਫੰਡ ਦੀ ਰਕਮ ਤੁਹਾਡੇ ਪਰਿਵਾਰ ਦੇ ਅਕਾਰ ਅਤੇ ਤੁਹਾਡੀ 2020 ਦੀ ਕਰ ਵਾਪਸੀ (ਜਾਂ ਤੁਹਾਡੀ 2019 ਦੀ ਵਾਪਸੀ 'ਤੇ, ਜੇਕਰ ਤੁਸੀਂ ਹਾਲੇ 2020 ਦੇ ਲਈ ਫਾਈਲ ਨਹੀਂ ਕੀਤਾ ਹੈ) 'ਤੇ ਰਿਪੋਰਟ ਕੀਤੀ ਗਈ ਆਮਦਨੀ 'ਤੇ ਨਿਰਭਰ ਕਰਦੀ ਹੈ। $75,000 ਜਾਂ ਇਸ ਤੋਂ ਘੱਟ ਆਮਦਨੀ ਵਾਲੇ ਬਿਨਾਂ ਬੱਚਿਆਂ ਦੇ ਸਿੰਗਲ ਲੋਕਾਂ ਨੂੰ, ਜਾਂ $112,500 ਜਾਂ ਇਸ ਤੋਂ ਘੱਟ ਆਮਦਨੀ ਦਾ ਕਰ ਫਾਈਲ ਕਰਨ ਵਾਲੇ ਪਰਿਵਾਰ ਦੇ ਮੁਖੀ ਨੂੰ ਅਤੇ $150,000 ਜਾਂ ਘੱਟ ਆਮਦਨੀ ਵਾਲੇ ਸ਼ਾਦੀਸ਼ੁਦਾ ਜੋੜੇ ਦੇ ਹਰੇਕ ਪਾਤਰ ਜੋੜੇ ਨੂੰ $1,400 ਦੀ ਪੂਰੀ ਰਕਮ ਦਿੱਤੀ ਜਾਵੇਗੀ। ਹਾਲਾਂਕਿ, ਜੇਕਰ ਸਿੰਗਲ ਵਿਅਕਤੀ ਦੇ ਲਈ ਆਮਦਨੀ $80,000, ਪਰਿਵਾਰ ਦੇ ਮੁਖੀ ਦੇ ਲਈ $120,000, ਅਤੇ ਸ਼ਾਦੀਸ਼ੁਦਾ ਜੋੜਿਆਂ ਦੇ ਲਈ $160,000 ਤੱਕ ਵਧਦੀ ਹੈ, ਤਾਂ ਰਿਕਵਰੀ ਰੀਫੰਡ ਘੱਟ ਜਾਂਦਾ ਹੈ।

## ਮੈਨੂੰ ਰਿਕਵਰੀ ਰੀਫੰਡ ਕਦੋਂ ਮਿਲੇਗਾ?

ਸਿੱਧੇ ਜਮ੍ਹਾਂ ਭੁਗਤਾਨ ਪਹਿਲਾਂ ਹੀ ਸ਼ੁਰੂ ਹੋ ਚੁੱਕੇ ਹਨ। ਪਿਛਲੀਆਂ ਸਮਾਂ-ਸਾਰਨੀਆਂ ਦੇ ਅਨੁਸਾਰ, ਕਾਗਜ਼ੀ ਚੈੱਕਾਂ ਨੂੰ 22 ਮਾਰਚ, 2021 ਤੋਂ ਮੇਲ ਕੀਤਾ ਜਾਣਾ ਸ਼ੁਰੂ ਕੀਤਾ ਜਾਵੇਗਾ, ਅਤੇ ਆਰਥਿਕ ਅਸਰ ਭੁਗਤਾਨ (EIP) ਕਾਰਡਾਂ ਨੂੰ 29 ਮਾਰਚ, 2021 ਤੋਂ ਮੇਲ ਕੀਤਾ ਜਾਣਾ ਸ਼ੁਰੂ ਕੀਤਾ ਜਾਵੇਗਾ। ਪਹਿਲਾਂ ਵਾਂਗ, ਤੁਸੀਂ ਆਪਣੇ ਭੁਗਤਾਨ ਦੇ ਸਟੇਟਸ ਨੂੰ ਟ੍ਰੈਕ ਕਰਨ ਦੇ ਲਈ I.R.S. ਦੇ ਗੈੱਟ ਮਾਈ ਪੇਮੈਂਟ ਟੂਲ ਦੀ ਵਰਤੋਂ ਕਰ ਸਕੋਗੇ।

## ਜੇਕਰ ਮੈਨੂੰ ਮੇਰਾ 2020 ਦਾ ਰਿਕਵਰੀ ਰੀਫੰਡ ਪ੍ਰਾਪਤ ਨਹੀਂ ਹੁੰਦਾ ਤਾਂ ਕੀ ਹੋਵੇਗਾ?

ਜੇਕਰ ਤੁਸੀਂ ਮਾਰਚ 2020 (ਪਹਿਲੇ ਸਹਾਇਤਾ ਭੁਗਤਾਨ) ਜਾਂ ਦਿਸੰਬਰ 2020 (ਦੂਸਰੇ ਸਹਾਇਤਾ ਭੁਗਤਾਨ) ਦੇ ਰਿਕਵਰੀ ਰੀਫੰਡ ਦੇ ਲਈ ਪਾਤਰ ਸੀ, ਪਰ ਤੁਹਾਨੂੰ ਇਹ ਪ੍ਰਾਪਤ ਨਹੀਂ ਹੋਇਆ, ਤਾਂ ਤੁਸੀਂ ਆਪਣੀ 2020 ਦੀ ਕਰ ਵਾਪਸੀ ਨੂੰ ਫਾਈਲ ਕਰਨ ਸਮੇਂ ਰਿਕਵਰੀ ਰੀਫੰਡ ਕ੍ਰੈਡਿਟ ਨੂੰ ਕਲੇਮ ਕਰਕੇ ਇਸ ਨੂੰ ਰੀਕਵਰ ਕਰਨ ਦੀ ਕੋਸ਼ਿਸ਼ ਕਰ ਸਕਦੇ ਹੋ। IRS ਫਾਰਮ 1040 ਜਾਂ 1040-RS ਦੀ ਲਾਈਨ 30 ‘ਤੇ ਆਪਣਾ ਕਲੇਮ ਕਰੋ।

## ਮੈਨੂੰ ਪਹਿਲਾਂ ਹੀ ਮੇਰਾ ਰਿਕਵਰੀ ਰੀਫੰਡ ਪ੍ਰਾਪਤ ਹੋ ਗਿਆ ਹੈ ਅਤੇ ਇਸ ਵਿੱਚ ਮੇਰੇ ਬੱਚਿਆਂ ਦੇ ਲਈ ਵਾਧੂ ਧਨ ਸ਼ਾਮਲ ਨਹੀਂ ਸੀ। ਮੈਂ ਕੀ ਕਰਾਂ?

ਜੇਕਰ ਤੁਹਾਨੂੰ ਇਸ ਸਾਲ ਰਿਕਵਰੀ ਰੀਫੰਡ ਦੇ ਨਾਲ ਇਹ ਪ੍ਰਾਪਤ ਨਹੀਂ ਹੋਇਆ ਹੈ ਤਾਂ ਤੁਹਾਨੂੰ ਹਰੇਕ ਬੱਚੇ ਦੇ ਲਈ ਵਾਧੂ $1,400 ਪ੍ਰਾਪਤ ਕਰਨ ਦੇ ਲਈ 2021 ਵਿੱਚ ਆਪਣੀ 2020 ਦੀ ਕਰ ਵਾਪਸੀ ਫਾਈਲ ਕਰਨ ਦੀ ਜ਼ਰੂਰਤ ਹੋ ਸਕਦੀ ਹੈ।

## ਜੇਕਰ ਮੈਂ ਅਤੇ ਮੇਰੇ ਪਤੀ/ਪਤਨੀ ਨੇ ਇਕੱਠੇ ਕਰ ਫਾਈਲ ਕੀਤੇ ਹਨ, ਪਰ ਸਾਡੇ ਵਿੱਚੋਂ ਕੇਵਲ ਇੱਕ ਕੋਲ ਹੀ ਸਮਾਜਿਕ ਸੁਰੱਖਿਆ ਨੰਬਰ ਹੈ ਅਤੇ ਦੂਸਰੇ ਕੋਲ ITIN ਹੈ, ਤਾਂ ਕੀ ਹੋਵੇਗਾ?

ਇਹ ਹੁਣ ਇੱਕ ਸਮੱਸਿਆ ਨਹੀਂ ਹੈ। ਜਿਸ ਸਾਥੀ ਕੋਲ SSN ਹੈ, ਉਹ ਰਿਕਵਰੀ ਰੀਫੰਡ ਪ੍ਰਾਪਤ ਕਰ ਸਕਦਾ ਹੈ, ਅਤੇ ਦੂਸਰੇ ਸਾਥੀ ਨੂੰ ਇਹ ਪ੍ਰਾਪਤ ਨਹੀਂ ਹੋਵੇਗਾ।

> **ਵਿਸ਼ੇਸ਼ ਸਥਿਤੀ:** ਜੇਕਰ SSN ਵਾਲਾ ਸਾਥੀ ਉਸ ਕਰ ਸਾਲ ਦੇ ਦੌਰਾਨ ਕਿਸੇ ਵੀ ਸਮੇਂ ਅਮਰੀਕੀ ਆਰਮਡ ਫੋਰਸੇਜ਼ ਦਾ ਸਦੱਸ ਸੀ ਜਿਸ ਦੌਰਾਨ ਤੁਸੀਂ ਕਰ ਵਾਪਸੀ ਫਾਈਲ ਕੀਤੀ ਹੈ ਜਿਸ ਕਰਕੇ ਤੁਸੀਂ ਰਿਕਵਰੀ ਰੀਫੰਡ ਦੇ ਲਈ ਪਾਤਰ ਹੋਏ ਹੋ, ਤਾਂ ITIN ਵਾਲੇ ਸਾਥੀ ਨੂੰ ਵੀ ਰਿਕਵਰੀ ਰੀਫੰਡ ਪ੍ਰਾਪਤ ਹੋਵੇਗਾ।

## ਕੀ ਮੈਨੂੰ ਰਿਕਵਰੀ ਰੀਫੰਡ ਵਾਪਿਸ ਦੇਣਾ ਹੋਵੇਗਾ?

ਨਹੀਂ। ਰਿਕਵਰੀ ਰੀਫੰਡ ਇੱਕ ਉੱਨਤ ਕਰ ਕ੍ਰੈਡਿਟ ਹੈ ਜਿਸ ਦਾ ਭੁਗਤਾਨ ਤੁਹਾਨੂੰ ਭਵਿੱਖ ਵਿੱਚ ਨਹੀਂ ਕਰਨਾ ਪਏਗਾ। ਜੇਕਰ ਤੁਸੀਂ ਇਸ ਨੂੰ ਸਹੀ ਢੰਗ ਨਾਲ ਪ੍ਰਾਪਤ ਕੀਤਾ ਹੈ, ਤਾਂ ਤੁਹਾਨੂੰ ਇਸ ਦਾ ਵਾਪਿਸ ਭੁਗਤਾਨ ਕਰਨ ਦੀ ਲੋੜ ਨਹੀਂ ਹੈ। ਇਸ ਦੇ ਲਈ ਕਿਸੇ ਹੋਰ ਚੀਜ਼ ਤੋਂ ਕਟੌਤੀ ਨਹੀਂ ਕੀਤੀ ਜਾਵੇਗੀ। ਇਹ ਕਰਜ਼ ਨਹੀਂ ਹੈ; ਇਹ ਕਰ ਰੀਫੰਡ ਹੈ।

## ਕੀ ਰਿਕਵਰੀ ਰੀਫੰਡ ਮੈਨੂੰ ਇਮੀਗ੍ਰੇਸ਼ਨ ਉਦੇਸ਼ਾਂ ਦੇ ਲਈ ਨੁਕਸਾਨ ਪਹੁੰਚਾਇਆ ਜਾਂ ਮੈਨੂੰ ਪਬਲਿਕ ਚਾਰਜ ਬਣਾਏਗਾ?

ਨਹੀਂ। ਰਿਕਵਰੀ ਰੀਫੰਡ ਦੇ ਕਰਕੇ ਤੁਹਾਨੂੰ ਇਮੀਗ੍ਰੇਸ਼ਨ ਉਦੇਸ਼ਾਂ ਦੇ ਲਈ ਪਬਲਿਕ ਚਾਰਜ ਨਹੀਂ ਮੰਨਿਆ ਜਾਵੇਗਾ। ਜੇਕਰ ਤੁਸੀਂ ਇਸ ਨੂੰ ਸਹੀ ਢੰਗ ਨਾਲ ਪ੍ਰਾਪਤ ਕੀਤਾ ਹੈ, ਤਾਂ ਇਸ ਦੇ ਕੋਈ ਨਕਾਰਾਤਮਕ ਇਮੀਗ੍ਰੇਸ਼ਨ ਨਤੀਜੇ ਨਹੀਂ ਹੋਣਗੇ।

**ਕੀ ਰਿਕਵਰੀ ਰੀਫੰਡ ਘੱਟ ਜਾਵੇਗਾ ਜਾਂ ਮੈਨੂੰ ਕਿਸੇ ਸਰਕਾਰੀ ਫਾਇਦਿਆਂ ਦੇ ਲਈ ਅਯੋਗ ਬਣਾ ਦਏਗਾ?**

ਨਹੀਂ। ਰਿਕਵਰੀ ਰੀਫੰਡ ਇੱਕ ਕਿਸਮ ਦਾ ਇੱਕ-ਵਾਰ ਦਾ ਕਰ ਰੀਫੰਡ ਹੈ। ਅਸੀਂ ਮੰਨਦੇ ਹਾਂ ਕਿ ਇਹ ਸਰਕਾਰੀ ਸਹਾਇਤਾ, ਮੈਡੀਕੇਡ, SNAP (ਭੋਜਨ ਸਟੈਂਪਾਂ), SSI, ਭਾਗ 8, ਅਤੇ NYCHA ਦੇ ਸਮੇਤ ਸਰਕਾਰੀ ਫਾਇਦਿਆਂ ਦੇ ਲਈ ਆਮਦਨੀ ਦੇ ਵਜੋਂ ਨਹੀਂ ਗਿਣਿਆ ਜਾਂਦਾ।

SSI ਦੇ ਲਈ, ਇਹ ਧਨ 12 ਮਹੀਨਿਆਂ ਦੇ ਲਈ $2,000 (ਵਿਅਕਤੀਆਂ ਦੇ ਲਈ) ਜਾਂ $3,000 (ਜੋੜਿਆਂ ਦੇ ਲਈ) ਦੀ ਸਰੋਤ ਸੀਮਾ ਦੇ ਲਈ ਨਹੀਂ ਗਿਣਿਆ ਜਾਂਦਾ। ਸਰਕਾਰੀ ਸਹਾਇਤਾ ਦੇ ਲਈ, ਅਸੀਂ ਮੰਨਦੇ ਹਾਂ ਕਿ ਇਹ ਪ੍ਰਾਪਤ ਹੋਣ ਵਾਲੇ ਮਹੀਨੇ ਦੇ ਬਾਅਦ 2 ਮਹੀਨਿਆਂ ਦੇ ਲਈ $2,000 (ਜੇਕਰ 60+ ਉਮਰ ਹੈ, ਤਾਂ $3,000) ਦੀ ਸਰੋਤ ਸੀਮਾ ਦੇ ਲਈ ਨਹੀਂ ਗਿਣਿਆ ਜਾਂਦਾ।

**ਕੀ ਰਿਕਵਰੀ ਰੀਫੰਡ ਸੰਗ੍ਰਿਹਣਾਂ ਦੇ ਅਧੀਨ ਹਨ?**

ਜਦਕਿ ਰਿਕਵਰੀ ਰੀਫੰਡ ਸੰਗ੍ਰਹਿਣਾਂ ਤੋਂ ਸੁਰੱਖਿਅਤ ਹਨ ਅਤੇ ਬਾਲ ਸਮਰਥਨ ਦੇ ਸਮੇਤ ਕਿਸੇ ਵੀ ਸੰਘੀ ਜਾਂ ਰਾਜ ਕਰਜ਼ਿਆਂ ਦੇ ਲਈ ਹਰਜਾਨਾ ਨਹੀਂ ਹੋਣਗੇ, ਪਰ ਇਹ ਵਰਤਮਾਨ ਸਮੇਂ ਵਿੱਚ ਨਿੱਜੀ ਕਰਜ਼ ਦਾ ਭੁਗਤਾਨ ਕਰਨ ਦੀ ਪ੍ਰਤੀਬੱਧਤਾ ਤੋਂ ਸੁਰੱਖਿਅਤ ਨਹੀਂ ਹਨ।

**ਜੇਕਰ ਮੈਂ ਕਿਸੇ ਰਿਕਵਰੀ ਰੀਫੰਡ ਦੇ ਲਈ ਪਾਤਰ ਨਹੀਂ ਹਾਂ, ਪਰ ਮੈਨੂੰ ਗਲਤੀ ਨਾਲ ਇਹ ਪ੍ਰਾਪਤ ਹੋ ਜਾਵੇ, ਤਾਂ ਕੀ ਹੋਵੇਗਾ?**

ਜੇਕਰ ਤੁਹਾਨੂੰ ਰਿਕਵਰੀ ਰੀਫੰਡ ਪ੍ਰਾਪਤ ਹੁੰਦਾ ਹੈ ਪਰ ਤੁਹਾਨੂੰ ਨਿਰਧਾਰਤ ਕੀਤੀ ਰਕਮ ਤੋਂ ਵੱਧ ਆਮਦਨੀ ਹੋਣ ਦੇ ਕਰਕੇ ਇਹ ਪ੍ਰਾਪਤ ਨਹੀਂ ਹੋਣਾ ਚਾਹੀਦਾ ਸੀ, ਤਾਂ ਅਸੀਂ ਮੰਨਦੇ ਹਾਂ ਕਿ IRS ਤੁਹਾਨੂੰ ਇਸ ਦਾ ਦੁਬਾਰਾ ਭੁਗਤਾਨ ਕਰਨ ਲਈ ਨਹੀਂ ਕਹੇਗਾ। ਇਹ ਗੱਲ ਪਿਛਲੇ ਸਾਲ ਦੇ ਰਿਕਵਰੀ ਰੀਫੰਡ ਦੇ ਲਈ ਸੱਚ ਸੀ, ਅਤੇ ਅਸੀਂ ਉਮੀਦ ਕਰਦੇ ਹਾਂ ਕਿ ਇਹ ਮੌਜੂਦਾ ਰਿਕਵਰੀ ਰੀਫੰਡਾਂ ਦੇ ਲਈ ਵੀ ਇਸ ਤਰ੍ਹਾਂ ਹੀ ਹੋਵੇਗੀ।

ਹਾਲਾਂਕਿ, ਜੇਕਰ ਤੁਸੀਂ ਆਪਣੇ ਇਮੀਗ੍ਰੇਸ਼ਨ ਸਟੇਟਸ ਦੇ ਲਈ ਅਯੋਗ ਸੀ ਪਰ ਤੁਹਾਨੂੰ ਗਲਤੀ ਨਾਲ ਫਿਰ ਵੀ ਰਿਕਵਰੀ ਰੀਫੰਡ ਪ੍ਰਾਪਤ ਹੋਇਆ ਹੈ, ਤਾਂ ਅਸੀਂ ਤੁਹਾਨੂੰ ਸਲਾਹ ਦਿਆਂਗੇ ਕਿ ਤੁਸੀਂ ਇਸ ਨੂੰ IRS ਨੂੰ ਵਾਪਿਸ ਕਰ ਦਿਓ ਤਾਂ ਜੋ ਤੁਹਾਨੂੰ ਕਿਸੇ ਨਕਾਰਾਤਾਮਕ ਇਮੀਗ੍ਰੇਸ਼ਨ ਨਤੀਜਿਆਂ ਦਾ ਸਾਮ੍ਹਣਾ ਨਾ ਕਰਨਾ ਪਏ।

ਪਿਛਲੇ ਸਾਲ ਜਾਰੀ ਕੀਤੇ ਗਏ ਰਿਕਵਰੀ ਰੀਫੰਡ ਦੇ ਲਈ, IRS ਨੇ ਸ਼ੁਰੂਆਤ ਵਿੱਚ ਕਲੇਮ ਕੀਤਾ ਕਿ ਕੈਦੀ ਰਿਕਵਰੀ ਰੀਫੰਡ ਦੇ ਲਈ ਪਾਤਰ ਨਹੀਂ ਹਨ, ਅਤੇ ਕਿਹਾ ਸੀ ਕਿ ਕਿਸੇ ਵੀ ਕੈਦੀ ਨੂੰ ਕੀਤਾ ਗਿਆ ਭੁਗਤਾਨ IRS ਨੂੰ ਵਾਪਿਸ ਕੀਤਾ ਜਾਣਾ ਚਾਹੀਦਾ ਹੈ। ਪਰ ਮੁਕੱਦਮੇ ਦੇ ਕਰਕੇ, ਹੁਣ ਇਹ ਗੱਲ ਲਾਗੂ ਨਹੀਂ ਹੈ। ਜਿੰਨ੍ਹਾਂ ਵਿਅਕਤੀਆਂ ਨੂੰ 27 ਮਾਰਚ, 2020 ਤੋਂ ਲੈ ਕੇ ਵਰਤਮਾਨ ਸਮੇਂ ਵਿੱਚ ਕਿਸੇ ਵੀ ਸਮੇਂ ਕੈਦ ਜਾਂ ਜੇਲ ਵਿੱਚ ਪਾਇਆ ਗਿਆ ਸੀ ਪਰ ਉਹ ਪਿਛਲੇ ਸਾਲ ਦੇ ਭੁਗਤਾਨਾਂ ਦੇ ਪਾਤਰਤਾ ਮਾਪਦੰਡ ਨੂੰ ਪੂਰਾ ਕਰਦੇ ਹਨ, ਤਾਂ ਉਹ ਫਾਇਦਾ ਪ੍ਰਾਪਤ ਕਰ ਸਕਦੇ ਹਨ। ਇਹੀ ਗੱਲ ਮੌਜੂਦਾ ਰਿਕਵਰੀ ਰੀਫੰਡਾਂ ਦੇ ਲਈ ਵੀ ਸੱਚ ਹੈ।

ਮ੍ਰਿਤ ਵਿਅਕਤੀ, ਜਾਂ ਈਸਟੇਟ ਜਾਂ ਟ੍ਰਸਟ ਅਯੋਗ ਰਹਿਣਾ ਜਾਰੀ ਰਹਿੰਦੇ ਹਨ। IRS ਦੇ ਅਨੁਸਾਰ, ਰੀਫੰਡ ਦੀ ਪ੍ਰਾਪਤੀ ਤੋਂ ਪਹਿਲਾਂ ਮਰਣ ਵਾਲੇ ਵਿਅਕਤੀ ਦੇ ਲਈ, ਇਹ ਰੀਫੰਡ IRS ਨੂੰ ਵਾਪਿਸ ਕੀਤਾ ਜਾਣਾ ਹੈ।

**ਬੇਰੋਜ਼ਗਾਰ ਬੀਮਾ ਮੁਆਵਜ਼ਾ ਫਾਇਦਿਆਂ ਵਿੱਚ ਵਾਧਾ**

ਆਮ ਬੇਰੋਜ਼ਗਾਰ ਬੀਮਾ (UI) ਮੁਆਵਜ਼ਾ ਫਾਇਦੇ ਹੋਰ 25 ਹਫਤਿਆਂ ਦੇ ਲਈ ਵੱਧ ਗਏ ਹਨ ਅਤੇ ਇਹਨਾਂ ਨੂੰ ਪ੍ਰਤੀ ਹਫਤੇ ਵਾਧੂ $300 ਨਾਲ ਵਧਾਇਆ ਜਾਵੇਗਾ। ਇਸ ਵਿੱਚ ਮਹਾਮਾਰੀ ਬੇਰੋਜ਼ਗਾਰ ਸਹਾਇਤਾ (PUA) ਸ਼ਾਮਲ ਹੈ ਜੋ ਪਰੰਪਰਿਕ ਤੌਰ ‘ਤੇ ਅਯੋਗ ਕਰਮਚਾਰੀਆਂ ਦੇ ਲਈ UI ਲਾਭਾਂ ਨੂੰ ਵਧਾਉਂਦਾ ਹੈ, ਜਿਵੇਂ ਕਿ ਗਿਗ ਅਰਥਵਿਵਸਥਾ ਦੇ ਕਰਮਚਾਰੀ ਅਤੇ ਸੁਤੰਤਰ ਕਾਂਟ੍ਰੈਕਟਰ।

ਮਹਾਮਾਰੀ ਅਪਾਤਕਾਲੀਨ ਬੇਰੋਜ਼ਗਾਰ ਮੁਆਵਜ਼ਾ (PEUC), ਜਿਸ ਦੀ ਮਿਆਦ ਮੂਲ ਤੌਰ 'ਤੇ 14 ਮਾਰਚ, 2021 ਨੂੰ ਸਮਾਪਤ ਹੋਣ ਲਈ ਨਿਰਧਾਰਤ ਸੀ, ਨੂੰ ਵੀ ਵੱਧ ਤੋਂ ਵੱਧ ਮਿਲਾ ਕੇ 79 ਹਫਤਿਆਂ ਦੇ ਲਈ ਵਧਾਇਆ ਜਾਵੇਗਾ। 14 ਮਾਰਚ, 2021 ਦੀ ਗੱਲ ਕੀਤੀ ਜਾਵੇ, ਤਾਂ ਮਿਆਰੀ 26-ਹਫਤਿਆਂ ਦੀ ਮਿਆਦ ਤੋਂ ਬਾਅਦ ਫਾਇਦੇ ਪ੍ਰਾਪਤ ਕਰਨ ਵਾਲੇ ਵਿਅਕਤੀ ਇਹਨਾਂ ਨੂੰ 6 ਸਿਤੰਬਰ, 2021 ਤੱਕ ਪ੍ਰਾਪਤ ਕਰਨਾ ਜਾਰੀ ਰੱਖਣਗੇ, ਜੇਕਰ ਉਹਨਾਂ ਦੇ ਅਧਿਕਤਮ ਫਾਇਦਿਆਂ ਦੇ ਹਫਤੇ ਪੂਰੇ ਨਹੀਂ ਹੋਏ ਹਨ।

ਉਹਨਾਂ ਰਾਜਾਂ ਦੇ ਲਈ ਸੰਘੀ ਫੰਡਿੰਗ ਦੇ ਸਮੇਂ ਵਿੱਚ ਵਾਧਾ ਕੀਤਾ ਜਾਵੇਗਾ ਜੋ ਫਾਇਦਿਆਂ ਦੇ ਲਈ ਇੰਤਜ਼ਾਰ ਕਰਨ ਦੇ ਹਫਤਿਆਂ ਵਿੱਚ ਛੋਟ ਦੇਣਗੇ। ਸਵੈ-ਰੋਜ਼ਗਾਰ ਆਮਦਨੀ ਦੇ ਵਿੱਚ ਘੱਟੋ-ਘੱਟ $5,000 ਕਮਾਉਣ ਵਾਲੇ ਕਰਮਚਾਰੀ ਘੱਟ UI ਅਧਾਰ ਭੁਗਤਾਨ ਦੇ ਲਈ ਐਡਜਸਟ ਕਰਨ ਵਾਸਤੇ ਮਿਸ਼ਰਿਤ ਕਮਾਈ ਕਰਤਾ ਬੇਰੋਜ਼ਗਾਰ ਮੁਆਵਜ਼ੇ ਦੇ ਭਾਗ ਵਜੋਂ ਪ੍ਰਤੀ ਹਫਤਾ ਵਾਧੂ $100 ਫਾਇਦੇ ਦੇ ਲਈ ਪਾਤਰ ਹੋ ਸਕਦੇ ਹਨ।

ਭਾਂਵੇਂ ਕਿ ਬੇਰੋਜ਼ਗਾਰ ਫਾਇਦੇ ਕਰ ਅਧੀਨ ਆਉਂਦੇ ਹਨ, ਪਰ ਬਣਾਏ ਗਏ ਨਵੇਂ ਕਨੂੰਨ ਨੇ $150,000 ਤੋਂ ਘੱਟ ਆਮਦਨੀ ਵਾਲੇ ਲੋਕਾਂ ਦੇ ਲਈ ਪਹਿਲੇ $10,200 ਦੇ ਫਾਇਦਿਆਂ ਨੂੰ ਕਰ-ਮੁਕਤ ਬਣਾ ਦਿੱਤਾ ਹੈ। ਇਹ ਕੇਵਲ 2020 'ਤੇ ਲਾਗੂ ਹੁੰਦਾ ਹੈ।

## ਬਾਲ ਕਰ ਕ੍ਰੈਡਿਟ ਅਤੇ ਕਮਾਇਆ ਗਿਆ ਆਮਦਨੀ ਕਰ ਕ੍ਰੈਡਿਟ

ਬਾਲ ਕਰ ਕ੍ਰੈਡਿਟ (CTC) ਅਤੇ ਕਮਾਏ ਗਏ ਆਮਦਨੀ ਕਰ ਕ੍ਰੈਡਿਟ (EITC) (ਜਿਸ ਨੂੰ ਕਮਾਇਆ ਗਿਆ ਆਮਦਨੀ ਕ੍ਰੈਡਿਟ [EIC] ਵੀ ਕਿਹਾ ਜਾਂਦਾ ਹੈ) ਨੂੰ 2020 ਕਰ ਸਾਲ ਦੇ ਲਈ ਅਤੀਤ ਤੋਂ ਵੱਖਰੇ ਢੰਗ ਦੇ ਅਨੁਸਾਰ ਗਿਣਿਆ ਜਾਵੇਗਾ। ਹਰੇਕ ਕ੍ਰੈਡਿਟ ਦੇ ਲਈ, ਤੁਹਾਡੇ ਕੋਲ ਫੁੱਲ ਕ੍ਰੈਡਿਟ ਦੇ ਲਈ ਯੋਗ ਹੋਣ ਵਾਸਤੇ ਪਰਿਵਾਰ ਦੇ ਅਕਾਰ 'ਤੇ ਨਿਰਭਰ ਕਰਦੇ ਹੋਏ ਕਮਾਈ ਗਈ ਆਮਦਨੀ ਦੇ ਲਈ ਨਿਰਧਾਰਤ ਰਕਮ ਹੋਣੀ ਚਾਹੀਦੀ ਹੈ। ਹਾਲਾਂਕਿ, ਮਹਾਮਾਰੀ ਦੇ ਦੌਰਾਨ, ਬਹੁਤ ਸਾਰੇ ਲੋਕ ਜੋ ਆਮ ਤੌਰ 'ਤੇ ਪਾਤਰ ਹੋਏ ਹੋਣਗੇ, ਉਹਨਾਂ ਨੇ ਘੱਟ ਕਮਾਈ ਕੀਤੀ ਹੋਵੇਗੀ ਕਿਉਂਕਿ ਉਹਨਾਂ ਨੇ ਆਪਣੀਆਂ ਨੌਕਰੀਆਂ ਗੁਆਈਆਂ ਹਨ ਜਾਂ ਘੱਟ ਘੰਟੇ ਕੰਮ ਕੀਤਾ ਹੈ। ਕਿਉਂਕਿ 2020 ਵਿੱਚ ਘੱਟ ਆਮਦਨੀ ਤੋਂ ਭਾਵ ਹੋ ਸਕਦਾ ਹੈ ਕਿ ਤੁਸੀਂ ਇਹਨਾਂ ਕ੍ਰੈਡਿਟਾਂ ਦੇ ਲਈ ਯੋਗ ਨਹੀਂ ਹੋਵੋਗੇ, ਇਸਲਈ ਨਵੇਂ ਰਿਕਵਰੀ ਰੀਫੰਡ ਕਨੂੰਨ ਵਿੱਚ ਇੱਕ ਪ੍ਰਾਵਧਾਨ ਸ਼ਾਮਲ ਹੈ ਜਿਸ ਨਾਲ ਤੁਸੀਂ 2020 ਕਰ ਸਾਲ ਦੇ ਲਈ ਆਪਣੇ CTC ਅਤੇ EITC ਨੂੰ ਗਿਣਨ ਦੇ ਲਈ ਆਪਣੀ 2019 ਦੀ ਕਮਾਈ ਹੋਈ ਆਮਦਨੀ ਦੀ ਵਰਤੋਂ ਕਰ ਸਕਦੇ ਹੋ। ਆਸ਼ਾਪੂਰਕ, ਇਹ ਤੁਹਾਨੂੰ ਇਹਨਾਂ ਕ੍ਰੈਡਿਟਾਂ ਦੇ ਲਈ ਯੋਗ ਹੋਣ ਵਿੱਚ ਸਹਾਇਤਾ ਕਰੇਗਾ।

ਇਸ ਤੋਂ ਇਲਾਵਾ, CTC, ਜੋ ਕਿ ਆਮ ਤੌਰ 'ਤੇ ਪ੍ਰਤੀ ਪਾਤਰ ਬੱਚੇ ਦੇ ਲਈ $2,000 ਹੈ, ਉਹ ਪ੍ਰਤੀ ਬੱਚੇ ਦੇ ਲਈ $3,000 ਤੱਕ ਵੱਧ ਗਿਆ ਹੈ (5 ਸਾਲ ਅਤੇ ਇਸ ਤੋਂ ਘੱਟ ਉਮਰ ਦੇ ਲਈ $3,600), ਅਤੇ ਯੋਗ ਬੱਚਿਆਂ ਦੇ ਲਈ ਉਮਰ ਸੀਮਾ 16 ਤੋਂ ਵੱਧ ਕੇ 17 ਹੋ ਗਈ ਹੈ।

ਤੁਸੀਂ ਆਪਣੇ 2021 ਦੇ ਕਰਾਂ 'ਤੇ ਐਡਵਾਂਸ ਦੇ ਤੌਰ 'ਤੇ ਕੁਝ ਕ੍ਰੈਡਿਟ ਪ੍ਰਾਪਤ ਕਰ ਸਕਦੇ ਹੋ। (ਤੁਸੀਂ ਐਡਵਾਂਸ ਭੁਗਤਾਨਾਂ ਤੋਂ ਬਾਹਰ ਨਿਕਲਣ ਦੀ ਚੋਣ ਵੀ ਕਰ ਸਕਦੇ ਹੋ, ਜੇਕਰ ਤੁਹਾਡੀ ਇੱਛਾ ਹੋਵੇ)। ਕਨੂੰਨ ਕ੍ਰੈਡਿਟ ਨੂੰ ਪੂਰੀ ਤਰ੍ਹਾਂ ਰੀਫੰਡ ਕੀਤੇ ਜਾਣ ਯੋਗ ਬਣਾ ਦਿੰਦਾ ਹੈ, ਜਿਸ ਤੋਂ ਭਾਵ ਹੈ ਕਿ ਤੁਸੀਂ ਇਸ ਤੋਂ ਕਰ ਰੀਫੰਡ ਦੇ ਤੌਰ 'ਤੇ ਧਨ ਪ੍ਰਾਪਤ ਕਰ ਸਕਦੇ ਹੋ ਭਾਂਵੇਂ ਹੀ ਤੁਹਾਡਾ ਕਰ ਬਿਲ ਜ਼ੀਰੋ ਹੋਵੇ। ਇਸ ਵਿੱਚੋਂ ਅੱਧਾ ਧਨ ਤੁਹਾਨੂੰ ਅਗਲੇ ਛੇ ਮਹੀਨਿਆਂ (ਤੁਹਾਡੀ 2020 ਦੀ ਕਰ ਜਾਣਕਾਰੀ 'ਤੇ ਅਧਾਰਤ, ਜਾਂ ਤੁਹਾਡੀ 2019 ਦੀ ਕਰ ਜਾਣਕਾਰੀ 'ਤੇ ਅਧਾਰਤ ਜੇਕਰ ਤੁਸੀਂ ਹਾਲੇ ਆਪਣੀ 2020 ਦੀ ਕਰ ਵਾਪਸੀ ਫਾਈਲ ਨਹੀਂ ਕੀਤੀ ਹੈ) ਵਿੱਚ ਦਿੱਤਾ ਜਾਵੇਗਾ।

> ਨੋਟ ਕਰੋ: ਇਹ ਸਪਸ਼ਟ ਨਹੀਂ ਹੈ ਕਿ ਭੁਗਤਾਨ ਕਿੰਨੀ ਅਕਸਰ ਵਾਰ ਕੀਤੇ ਜਾਣਗੇ।

## ਬਾਲ ਅਤੇ ਨਿਰਭਰ ਵਿਅਕਤੀ ਦੇ ਲਈ ਦੇਖਭਾਲ ਕ੍ਰੈਡਿਟ

ਬਾਲ ਅਤੇ ਨਿਰਭਰ ਵਿਅਕਤੀ ਦੇ ਲਈ ਦੇਖਭਾਲ ਕ੍ਰੈਡਿਟ, ਜੋ ਕਿ ਕੰਮਕਾਜੀ ਪਰਿਵਾਰਾਂ ਨੂੰ 13 ਸਾਲਾਂ ਤੋਂ ਘੱਟ ਉਮਰ ਦੇ ਬੱਚਿਆਂ ਅਤੇ ਹੋਰਾਂ ਨਿਰਭਰ ਵਿਅਕਤੀਆਂ ਦੀ ਦੇਖਭਾਲ ਦੇ ਖਰਚੇ ਦੇ ਲਈ ਮੁਆਵਜ਼ਾ ਦਿੰਦਾ ਹੈ, ਨੂੰ 2020 ਕਰ ਸਾਲ ਦੇ ਲਈ ਕਾਫੀ ਵਧਾਇਆ ਜਾਵੇਗਾ। ਇਸ ਸਾਲ

ਦੇ ਲਈ ਹੀ, ਕ੍ਰੈਡਿਟ, ਜੋ ਕਿ ਦੋ ਜਾਂ ਵੱਧ ਯੋਗ ਵਿਅਕਤੀਆਂ ਦੇ ਲਈ ਵੱਧ ਤੋਂ ਵੱਧ $2,100 ਹੈ, ਹੁਣ ਇੱਕ ਯੋਗ ਵਿਅਕਤੀ ਦੇ ਲਈ $4,000 ਜਾਂ ਦੋ ਜਾਂ ਵੱਧ ਯੋਗ ਵਿਅਕਤੀਆਂ ਦੇ ਲਈ $8,000 ਹੈ।

ਇਹ ਕਨੂੰਨ ਉਸ ਆਮਦਨੀ ਸਤਰ ਵਿੱਚ ਵੀ ਕਾਫੀ ਵਾਧਾ ਕਰਦਾ ਹੈ ਜਿੱਥੇ ਕ੍ਰੈਡਿਟ ਘਟਣਾ ਸ਼ੁਰੂ ਹੋ ਜਾਂਦਾ ਹੈ। ਪਿਛਲੇ ਸਾਲਾਂ ਵਿੱਚ, ਕ੍ਰੈਡਿਟ ਵਿੱਚ ਕਟੌਤੀਆਂ $15,000 ਦੀ ਐਡਜਸਟ ਕੀਤੀ ਕੁੱਲ ਆਮਦਨੀ ‘ਤੇ ਸ਼ੁਰੂ ਹੋਈਆਂ, ਪਰ ਇਸ ਸਾਲ ਕਟੌਤੀਆਂ $125,000 ‘ਤੇ ਸ਼ੁਰੂ ਹੋਣਗੀਆਂ।

ਇਸ ਤੋਂ ਇਲਾਵਾ, ਰਿਕਵਰੀ ਰੀਫੰਡਾਂ ਦਾ ਤੀਸਰਾ ਚਰਨ ਕ੍ਰੈਡਿਟ ਨੂੰ ਪੂਰੀ ਤਰ੍ਹਾਂ ਰੀਫੰਡ ਕੀਤੇ ਜਾਣ ਯੋਗ ਬਣਾ ਦਿੰਦਾ ਹੈ ਤਾਂ ਜੋ ਤੁਸੀਂ ਧਨ ਨੂੰ ਰੀਫੰਡ ਦੇ ਤੌਰ ‘ਤੇ ਇਕੱਤਰ ਕਰ ਸਕਦੇ ਹੋ ਭਾਂਵੇਂ ਹੀ ਤੁਹਾਡਾ ਕਰ ਬਿਲ ਜ਼ੀਰੋ ਹੈ।